

# ਜ਼ਰੂਰੀ ਖ਼ਰਚਿਆਂ ਲਈ ਮੱਦਦ

ਜੇ ਤੁਸੀ ਕੰਮ ਨਹੀਂ ਵੀ ਕਰ ਰਹੇ ਤਾਂ ਵਰਕ ਐਂਡ ਇਨਕਮ (ਵਿਭਾਗ) ਤੁਹਾਡੀ ਮਦਦ ਕਰ ਸਕਦਾ ਹੈ।

**ਜੇ ਤੁਸੀਂ ਇਸ ਸਮੇਂ ਕੰਮ ਨਹੀਂ ਕਰ ਸਕਦੇ, ਆਪਣੀ ਨੌਂਕਰੀ ਗੁਆ ਲਈ ਹੈ, ਜਾਂ ਘੱਟ ਘੰਟਿਆਂ ਲਈ ਕੰਮ ਕਰ ਰਹੇ ਹੋ**

- ਤੁਸੀਂ ਸਾਡੇ ਤੋਂ ਬੈਨੀਫਿਟ ਜਾਂ ਕੁਝ ਹੋਰ ਵਿੱਤੀ ਸਹਾਇਤਾ ਲੈ ਸਕਦੇ ਹੋ।
- ਜੇ ਤੁਹਾਨੂੰ ਆਪਣੇ ਕਿਰਾਏ ਜਾਂ ਆਪਣੇ ਬਿੱਲਾਂ ਦਾ ਭੁਗਤਾਨ ਕਰਨ ਵਿੱਚ ਮੁਸ਼ਕਿਲ ਹੋ ਰਹੀ ਹੈ, ਤਾਂ ਤੁਸੀਂ ਕੁਝ ਮਦਦ ਲੈ ਸਕਦੇ ਹੋ - ਭਾਵੇਂ ਤੁਸੀਂ ਅਜੇ ਕੰਮ ਕਰ ਰਹੇ ਹੋ ਜਾਂ ਘੱਟ ਆਮਦਨ 'ਤੇ ਹੋ।
- ਅਸੀਂ ਤੁਹਾਡੀ ਨਵਾਂ ਕੰਮ ਲੱਭਣ ਜਾਂ ਸਿਖਲਾਈ ਲਈ ਵੀ ਮਦਦ ਕਰ ਸਕਦੇ ਹਾਂ ਅਤੇ ਨਵਾਂ ਕੰਮ ਸ਼ੁਰੂ ਕਰਨ ਦੇ ਖ਼ਰਚਿਆਂ ਲਈ ਮਦਦ ਕਰ ਸਕਦੇ ਹਾਂ।

**ਜੇ ਤੁਸੀਂ COVID-19 (ਕੋਵਿਡ-19) ਕਰਕੇ ਬਿਮਾਰ ਹੋ ਜਾਂ ਕੰਮ ਤੋਂ ਛੁੱਟੀ ਦੀ ਲੋੜ ਹੈ**

ਜੇ COVID-19 (ਕੋਵਿਡ-19) ਲਈ ਤੁਹਾਡਾ ਟੈਸਟ ਕੀਤਾ ਜਾ ਰਿਹਾ ਹੈ, ਤਾਂ ਇਹ ਮਹੱਤਵਪੂਰਨ ਹੁੰਦਾ ਹੈ ਕਿ ਨਤੀਜਾ ਵਾਪਸ ਆਉਣ ਤੱਕ ਤੁਸੀਂ ਘਰ ਵਿੱਚ ਹੀ ਰਹੋ ਜੇ ਤੁਸੀਂ ਘਰ ਤੋਂ ਕੰਮ ਨਹੀਂ ਕਰ ਸਕਦੇ, ਤਾਂ ਤੁਹਾਡਾ ਮਾਲਕ ਤੁਹਾਨੂੰ ਭੁਗਤਾਨ ਕਰਨ ਲਈ ਆਪਣੀ ਸਹਾਇਤਾ ਵਾਸਤੇ **ਥੋੜ੍ਹੇ ਸਮੇਂ ਦੀ ਗੈਰਹਾਜ਼ਰੀ ਭੁਗਤਾਨ** ਲਈ ਦਰਖ਼ਾਸਤ ਦੇ ਸਕਦਾ ਹੈ।

ਜੇ ਤੁਹਾਨੂੰ ਜਾਂ ਤੁਹਾਡੇ ਸੰਪਰਕ ਵਿੱਚ ਰਹੇ ਕਿਸੇ ਵਿਅਕਤੀ ਨੂੰ COVID-19 (ਕੋਵਿਡ-19) ਹੋਣ ਕਰਕੇ ਤੁਹਾਨੂੰ ਸਵੈ-ਇਕਾਂਤਵਾਸ ਵਿੱਚ ਰਹਿਣ ਲਈ **ਕਿਹਾ ਗਿਆ ਹੈ** ਅਤੇ ਤੁਸੀਂ ਘਰੋਂ ਕੰਮ ਨਹੀਂ ਕਰ ਸਕਦੇ, ਤਾਂ ਤੁਹਾਡਾ ਮਾਲਕ ਤੁਹਾਨੂੰ ਭੁਗਤਾਨ ਕਰਦੇ ਰਹਿਣ ਲਈ ਆਪਣੀ ਸਹਾਇਤਾ ਵਾਸਤੇ **ਛੁੱਟੀ ਸਬੰਧੀ ਸਹਾਇਤਾ ਯੋਜਨਾ** ਵਾਸਤੇ ਦਰਖ਼ਾਸਤ ਦੇ ਸਕਦਾ ਹੈ।

ਉਪਲਬਧ ਮਦਦ ਬਾਰੇ ਆਪਣੇ ਮਾਲਕ ਨਾਲ ਗੱਲ ਕਰੋ ਤਾਂ ਜੋ ਤੁਹਾਨੂੰ ਭੁਗਤਾਨ ਕਰਨਾ ਜਾਰੀ ਰੱਖਿਆ ਜਾ ਸਕੇ। ਜੇ ਤੁਸੀਂ **ਸਵੈ-ਰੁਜ਼ਗਾਰਤ** ਹੋ ਅਤੇ ਘਰੋਂ ਕੰਮ ਨਹੀਂ ਕਰ ਸਕਦੇ, ਤਾਂ ਤੁਸੀਂ ਵੀ ਇਨ੍ਹਾਂ ਭੁਗਤਾਨ ਲਈ ਦਰਖ਼ਾਸਤ ਦੇ ਸਕਦੇ ਹੋ

**ਜੇ ਤੁਹਾਨੂੰ ਜ਼ਰੂਰੀ ਖ਼ਰਚਿਆਂ ਲਈ ਮਦਦ ਦੀ ਲੋੜ ਪੈਂਦੀ ਹੈ**

ਤੁਹਾਡੀ ਸਥਿਤੀ ਉੱਤੇ ਨਿਰਭਰ ਕਰਦਿਆਂ, ਹੋਰ ਬਹੁਤ ਸਾਰੇ ਤਰੀਕੇ ਹਨ ਜਿਨ੍ਹਾਂ ਨਾਲ ਅਸੀਂ ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਮਦਦ ਕਰ ਸਕਦੇ ਹਾਂ। ਤੁਹਾਨੂੰ ਮਦਦ ਲੈਣ ਲਈ ਬੈਨੀਫਿਟ 'ਤੇ ਹੋਣ ਦੀ ਲੋੜ ਨਹੀਂ ਹੁੰਦੀ, ਇਹ ਘੱਟ ਆਮਦਨ ਵਾਲੇ ਵਿਅਕਤੀਆਂ ਲਈ ਵੀ ਉਪਲਬਧ ਹੈ। ਅਸੀਂ ਇਨ੍ਹਾਂ ਲਈ ਮਦਦ ਕਰ ਸਕਦੇ ਹਾਂ।

- **ਭੋਜਨ ਲਈ**
- **ਰਹਿਣ ਦੇ ਖ਼ਰਚੇ (ਕਿਰਾਇਆ, ਗਿਰਵੀ, ਬੋਰਡ)**
- **ਬਿਜਲੀ, ਗੈਸ ਅਤੇ ਪਾਣੀ ਦੇ ਬਿੱਲ ਜਾਂ ਘਰ ਗਰਮਾਉਣ ਲਈ**
- **ਮੈਡੀਕਲ ਤੇ ਡੈਂਟਲ ਖ਼ਰਚੇ**

**ਹੋਰ ਪਤਾ ਕਰੋ**

ਤੁਸੀਂ ਭਾਵੇਂ ਅਜਿਹਾ ਨਹੀਂ ਸੋਚਦੇ ਕਿ ਤੁਸੀਂ ਯੋਗ ਹੋ, ਤੁਸੀਂ ਆਪਣੀ ਹਾਲਤ ਬਾਰੇ ਸਾਡੇ ਨਾਲ ਗੱਲਬਾਤ ਕਰੋ।

ਤੁਸੀਂ ਇੱਥੇ ਵੀ ਜਾ ਸਕਦੇ ਹੋ **workandincome.govt.nz** ਅਤੇ ਇਸ 'ਤੇ ਕਲਿੱਕ ਕਰੋ **Check what you might get (ਚੈੱਕ ਕਰੋ ਕਿ ਤੁਸੀਂ ਕੀ ਹਾਸਲ ਕਰ ਸਕਦੇ ਹੋ)**।

**ਹੋਰ ਜਾਣਕਾਰੀ ਲਈ**

ਇਸ 'ਤੇ ਜਾਓ **workandincome.govt.nz**

ਸਾਨੂੰ ਸੋਮਵਾਰ ਤੋਂ ਸ਼ੁੱਕਰਵਾਰ ਨੂੰ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਅਤੇ ਸ਼ਨੀਵਰ ਨੂੰ ਸਵੇਰੇ 8 ਵਜੇ ਤੋਂ ਬਾਅਦ ਦੁਪਹਿਰ 1 ਵਜੇ ਤੱਕ **0800 559 009**, 'ਤੇ ਕਾਲ ਕਰੋ।

MINISTRY OF SOCIAL DEVELOPMENT
TE MANATŪ WHAKAHIATO ORA

WORK AND INCOME
TE HIRANGA TANGATA

ALLA144W-Punjab – MAR 2021